This Question Paper consists of 24 questions and 8 Printed pages.

ਇਸ ਪ੍ਰਸ਼ਨ-ਪੱਤਰ ਵਿੱਚ 24 ਪ੍ਰਸ਼ਨ ਅਤੇ 8 ਮੁਦਰਿਤ ਪੰਨੇ ਹਨ ।

Roll No.
ਰੋਲ ਨੰ: ਅੰਕਾਂ ਵਿਚ

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

Code No. **58/SS/A/P**
ਕੋਡ ਨੰ.

Set **A**

# PUNJABI
# ਪੰਜਾਬੀ
# (310)

Day and Date of Examination
ਪਰਿਖਿਆ ਦਾ ਦਿਨ ਅਤੇ ਮਿੱਤੀ ____________________

Signature of Invigilators
ਨਿਰੀਖਕਾਂ ਦੇ ਦਸਖ਼ਤ

1. ____________________

2. ____________________

## ਆਮ ਨਿਰਦੇਸ਼ :-

1. ਵਿਦਿਆਰਖੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।
2. ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹੈ । ਇਹ ਵਿ ਦੇਖਿਆ ਜਾਵੇ ਕਿ ਪ੍ਰਸਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ ।
3. ਆਬਜੈਕਟਿਵ ਟਾਇਪ ਪ੍ਰਸ਼ਨ ਜਿਹਨਾ ਦੇ ਚਾਰ ਵਿਕਲਪ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਪੁਸਤਕ ਵਿੱਚ ਲਿਖਣਾ ਹੈ । ਸਾਰੇ ਪ੍ਰਸ਼ਨ ਪੱਤਰ ਵਿਚ ਆਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹੈ ਕਿਉਂਕਿ ਹੋਰ ਅਲੱਗ ਸਮਾਂ ਨਹੀ ਦਿੱਤਾ ਜਾਵੇਗਾ ।
4. ਕੋਈ ਵੀ ਨਿਸ਼ਾਨ ਜਾ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।
5. ਉੱਤਰ ਪੁਸਤਿਕਾ ਦੇ ਪ੍ਰਸ਼ਨ ਪੁਸਤਿਕਾ ਦਾ ਨੰਬਰ **58/SS/A/P-A** ਜ਼ਰੂਰ ਲਿਖੋ ।

# PUNJABI
# ਪੰਜਾਬੀ
**(310)**

Time : 3 Hours ] [ Maximum Marks : 100

ਸਮਾਂ : 3 ਘੰਟੇ ] [ ਕੁਲ ਅੰਕ : 100

ਨੋਟ : (i) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ । ਅੰਕ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।

(ii) ਪ੍ਰਸ਼ਨ ਸੰਖਿਆ ਨੋ: (24) ਤੋਂ ਵਿੱਕਲਪ ਦਿੱਤੇ ਗਾਏ ਹਨ ।

(iii) ਲਿਖਾਈ ਸ਼ੁਧ, ਸੁੰਦਰ ਅਤੇ ਖੁੱਲੀ-ਖੁੱਲੀ ਕਰਨ ਦਾ ਜਤਨ ਕਰੋ ।

---

**ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ** **[8 × 1 = 8]**

**1.** ਗੁਰੂ ਨਾਨਕ ਦੇਵ ਜੀ ਦੇ ਮੱਤ ਅਨੁਸਾਰ ਮੱਡਾ ਹਉਮੈਂ ਮਨੁੱਖ ਨੂੰ ਕੀ ਕਰ ਦਿੰਦਾ ਹੈ ?

**2.** ਵਲੀ ਕੰਧਾਰੀ ਨੇ ਮਰਦਾਨੇ ਨੂੰ ਪਾਣੀ ਦੇਣ ਤੋਂ ਮਨ੍ਹਾਂ ਕਰਦਿਆਂ ਦੀ ਕਿਹਾ ?

**3.** ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਜੀ ਦੀ ਦਾਦੀ ਜੀ ਬੇਸ਼ਕ ਅਨਪੜ੍ਹ ਸਨ, ਪਰ ਫਿਰਵੀ ਉਨ੍ਹਾਂ ਨੂੰ ਕੀ ਕੁਝ ਜ਼ਬਾਨੀ ਯਾਦ ਸੀ ?

**4.** ਇਕਾਂਗੀ ਦਾ ਪਾਤਰ "ਰਾਮੂ" ਗੁਰਦੁਆਰੇ ਜਾਕੇ ਕਿਉਂ ਖੁਸ਼ ਹੁੰਦਾ ਹੈ ?

**5.** "ਵਕਤ" ਦੀ ਕਦਰ ਨਾ ਕਰਨ ਵਾਲੇ ਨੂੰ ਕੀ ਨੁਕਸਾਨ ਹੁੰਦਾ ਹੈ ?

6. 'ਪੇਸੀ ਦੇ ਨਿਆਣੇ' ਕਹਾਣੀ ਵਿੱਚ ਭੈਣ-ਭਰਾ ਸੜਕ ਦੇ ਇੱਕ ਪਾਸੇ ਪਏ ਕਿਸ ਨੂੰ ਦੇਖਦੇ ਹਨ ?

7. ਪੰਜਾਬੀ ਭਾਸ਼ਾ ਵਿੱਚ ਕਿਹੜੇ-ਕਿਹੜੇ ਛੇ ਅੱਖਰ ਹਨ, ਜਿਨ੍ਹਾਂ ਦੀਆਂ ਧੁਨੀਆਂ ਹੋਰ ਬੋਲੀਆਂ ਤੋਂ ਭਿੰਨ ਹਨ ?

8. ਬਣਹਰ ਦੇ ਪੱਖ ਤੋਂ ਗ਼ਬਦ ਕਿੰਨੀ ਤਰ੍ਹਾਂ ਦੇ ਹਨ ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਲਾਈ ਸਾਰੀ ਵਿਕਲਪ ਚੁਣਕੇ ਆਪਣੀ ਉੱਤਰ ਪੁਸਤਕ ਵਿੱਚ ਲਿਖੋ**

**[10 × 1 = 10]**

9. 'ਬਾਬਾ ਫਰੀਦ' ਨੇ ਦਿਖਾਵਣੀ ਪਾਰਸਿਕਤਾ ਦਾ :

(A) ਸਮਰਥਨ ਕੀਤਾ ਹੈ ।

(B) ਪ੍ਰਚਾਰ ਕੀਤਾ ਹੈ ।

(C) ਖੰਡਨ ਕੀਤਾ ਹੈ ।

(D) ਵਿਰੋਖ ਨਹੀ ਕੀਤਾ ।

10. 'ਪੀਲੂ' ਦੇ ਕਿੱਸੇ ਵਿੱਚ ਉਸਦੀ ਬੱਕੀ ਤੋਂ ਕੌਣ ਡਰਦਾ ਹੈ ?

(A) ਸ਼ੇਰ ।

(B) ਬਹਾਦਾਰ ਲੋਕ ।

(C) ਫ਼ਰੀਸ਼ਤੇ ।

(D) ਦੈਂਤ ।

11. 'ਭੂਆ' ਵਿੱਚ ਕਹਾਣੀ ਕਾਰ ਨਾਨਕ ਸਿੰਘ ਖਾਣੇ ਦੇ ਭਰੇ ਹੋਏ ਥਾਲ ਵੱਲ ਦੇਖ ਦੇ ਕੀ ਸੋਚਦਾ ਹੈ ?

(A) ਅੱਜਖਾਣ ਦਾ ਸਵਾਦ ਆਵੇਗਾ ।

(B) ਖਾਣਾ ਬਹੁਤ ਜਿਆਦਾ ਹੈ ਉਹ ਕਿਵੇਂ ਖਾਵੇਗਾ ।

(C) ਖਾਣਾ ਚੰਗਾ ਨਹੀਂ ਸੀ ।

(D) ਮੁੱਸਾ ਮੌਤੋਂ ਭੱਜਿਆ, ਅਗੇ ਮੌਤ ਖੜੀ ।

12. ਭਾਈ ਧਾਨੁਈਆ ਇਕਾਂਗੀ ਦਾ ਪਾਤਰ 'ਰਾਮੂ' ਵਾਪਸ ਵਤਨ ਕਿਉਂ ਜਾਣਾ ਚਾਹੁੰਦਾ ਹੈ ?

(A) ਮਾਂ ਨੂੰ ਮਿਲਣ

(B) ਵਿਆਹ ਕਰਵਾਉਣ

(C) ਮੇਲਾ ਵੇਖਣ

(D) ਭੈਣ ਦੀ ਸ਼ਾਦੀ ਕਰਨ

13. ਪੰਜਾਬ ਦੇ ਲੋਕ ਨਾਚਾਂ ਵਿਚੋਂ ਸਭ ਤੋਂ ਜੋਸ਼ੀਲਾ ਨਾਚ ਕਿਹੜਾ ਹੈ ?

(A) ਝੂਮਰ

(B) ਲੂਢੀ

(C) ਸੰਸੀ

(D) ਭੰਗੜਾ

14. 'ਭਾਈ ਘਨੁਈਆ' ਇਕਾਂਗੀ ਵਿੱਚ ਸਾਖੀ ਗੁਰੁ ਹੋਬਿੰਦ ਸਿੰਘ ਜੀ ਦੇ ਕਿਸ ਯੁੱਧ ਨਾਲ ਸੰਬੰਧਤ ਹੈ ?

(A) ਚਮਕੌਰ ਦਾ ਯੁੱਧ

(B) ਸੁਰਸੇ ਦਾ ਯੁੱਧ

(C) ਭੰਗਾਣੀ ਦਾ ਯੁੱਧ

(D) ਚੱਪੜ ਚਿੜੀ ਦਾ ਯੁੱਧ

15. ਗੁਰਦੁਆਰਾ ਕੇਸਗੜ੍ਹ ਕਿੱਥੇ ਹੈ ?

(A) ਪਟਿਆਲਾ

(B) ਅੰਬਾਲਾ

(C) ਸਰਹੰਦ

(D) ਆਨੰਦਪੁਰ ਸਾਹਿਬ

16. ਸ਼ਬਦ ਰਚਨਾ ਤੋਂ ਕੀ ਬਾਵ ਹੈ ?

(A) ਸ਼ਬਦਾ ਤੋਂ ਹੀ ਵਾਕਾਂ ਦੀ ਰਚਨਾ ਹੁੰਦੀ ਹੈ ।

(B) ਸ਼ਬਦਾਂ ਦਾ ਵਿਸਥਾਰ, ਸ਼ਬਦ ਰਚਨਾ ਕਰਦਾ ਹੈ ।

(C) ਇੱਕ ਸ਼ਬਦ ਤੋਂ ਦੂਜਾ ਸ਼ਬਦ ਬਣਾਉਣ ਦੀ ਕਿਰਿਆ ।

(D) ਸ਼ਬਦਾਂ ਦੇ ਵੱਖ-ਵੱਖ ਅਰਥਾਂ ਨੂੰ ਸ਼ਬਦ ਰਚਨਾ ਕਿਹਾ ਜਾਂਦਾ ਹੈ ।

17. 'ਇਤਫ਼ਾਕ' ਦਾ ਸਮਾਨਾਰਥਕ ਸ਼ਬਦ ਹੈ :

(A) ਦੇਰ

(B) ਜਲਦੀ

(C) ਸੰਯੋਗ

(D) ਇਨ੍ਹਾਂ ਵਿੱਚੋ ਕੋਈ ਨਹੀ

18. ਪ੍ਰਕਾਸ਼ ਦਾ ਵਿਰੋਧ ਸ਼ਬਦ ਹੈ :

(A) ਲੋਅ

(B) ਚਾਨਣ

(C) ਹਨੇਰਾ

(D) ਰੋਸ਼ਨੀ

**19. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ ਪੁਸਤਕ ਦੇ ਪਾਠਾਂ ਦੇ ਆਧਾਰ ਤੇ 30-40 ਸ਼ਬਦਾਂ ਵਿੱਚ ਲਿਖੋ :** **[10 × 2 = 20]**

(a) "ਕਵੀ ਡਾ: ਜਗਤਾਰ ਅਫਰਤ ਦੇ ਹੱਕ ਵਿੱਚ ਆਪਣੇ ਪਿਤਾ ਦੀ ਥਾਂ ਉਸ ਔਰਤ ਦਾ ਨਾਮ ਲਿਖਣਾ ਚਾਹੁੰਦਾ ਹੈ" ਕਿਹੜੀ ਔਰਤ ਦਾ ਨਾਮ ਲਿਖਣਾ ਚਾਹੁੰਦਾ ਹੈ ਤੇ ਕਿਉਂ ?

(b) ਬਾਬਾ ਫ਼ਰੀਦ ਜੀ ਇੱਕ ਸ਼ਲੋਕ ਵਿੱਚ ਸੰਸਾਰ ਅੰਦਰ ਦੁੱਖ ਦੀ ਵਿਆਪਕਤਾ ਬਾਰੇ ਗੱਲ ਕਰਦੇ ਗ਼ਸਵੈ ਨੂੰ ਸੰਬੋਧਨ ਕਰਦੇ ਕੀ ਕਹਿੰਦੇ ਹਨ ।

(c) ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਜੀ ਦੀ ਦਾਦੀ ਦਾ ਧਰਮ ਬਾਰੇ ਕੀ ਨਜ਼ਰਿਆ ਹੈ ?

(d) ਗਿੱਧੇ ਅਤੇ ਮਲਵਈ ਗਿੱਧੇ ਵਿੱਚ ਕੀ ਅੰਤਰ ਹੈ ?

(e) ਇਕਾਂਗੀ ਵਿੱਚ ਰੇਲ ਹਾਦਸੇ ਦੀ ਸੂਚਨਾ ਪਿੰਡ ਦੇ ਲੋਕਾਂ ਨੂੰ ਕਿਸਨੇ ਤੇ ਕਿਵੇਂ ਦਿੱਤੀ ?

(f) ਪੰਜਾਬੀ ਵਿੱਚ ਪੁਸਤਕਾਂ ਦੀ ਛਪਾਈ ਲਈ ਕਈ ਪ੍ਰਕਾਸ਼ਨ ਸਥਾਪਤ ਹੋ ਚੁੱਕੇ ਹਨ, ਉਨ੍ਹਾਂ ਵਿਚੋਂ ਕੋਈ ਛੇ (6) ਪ੍ਰਕਾਸ਼ਨਾਂ ਦੇ ਨਾਂ ਲਿਖੋ ।

(g) ਮੈਂ ਇਹ ਆਖ ਦੇ ਤਾਰੇ ਰੁਪਈਏ ਨਹੀਂ ਹੁੰਦੇ ਮਾਨੋ ਉਸਦਾ ਸੁਰਗ ਢਾਹ ਛੱਡਿਆ । ਇਹ ਸ਼ਬਦ ਕਿਸ ਕਹਾਣੀ ਵਿੱਚ ਕੌਣ ਕਿਸ ਨੂੰ ਕਹਿ ਰਹਾ ਹੈ ?

(h) ਕਹਾਣੀ ਵਿੱਚ ਭੈਣ-ਭਰਾ, ਸੜਕ ਪਾਰ ਕਰਨ ਲਈ ਕਿਸ ਦੀ ਉਡੀਕ ਕਰ ਰਹੇ ਸਨ, ਤੇ ਕਿਉਂ ?

(i) ਭੂਆ ਆਪਣੇ ਭਤੀਜੇ ਨੂੰ ਐਨਾ ਪਿਆਰ ਕਿਉਂ ਕਰਦੀ ਹੈ ?

(j) "ਫਿਲਸੀ ਕਾਸਯਾਬੀ ਪਤਾਸ਼ਿਆਂ ਦੀ ਬਾਰਸ਼ ਵਾਂਗ ਹੈ, ਜਿਸ ਦਾ ਕੋਈ ਵਿਸ਼ਵਾਸ ਨਹੀ" ਬਲਰਾਜ ਸਹਾਨੀ ਜੀ ਦਾ ਇਸ ਕਥਨ ਤੋਂ ਕੀ ਭਾਵ ਹੈ ?

**20. ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ :** **[3 × 5 = 15]**

(a) ਬਾਬੇ ਨਾਨਕ ਦੇ ਵੇਈ ਦਰਿਆਂ ਦੇ ਉਸ ਘਾਟ ਵਿੱਚ ਤੀਜੇ ਦਿਨ ਬਾਹਰ ਆਉਣ ਤੇ ਲੋਕਾਂ ਦਾ ਕੀ ਪ੍ਰਤੀ ਕਰਮ ਸੀ ?

(b) ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ 'ਸੱਾਉ' ਦਾ ਵੱਡਾ ਗੁਣਕੀ ਹੈ ?

(c) ਇਕਾਂਗੀ ਦੇ ਕੇਂਦਰੀ ਪਾਤਰ ਬਾਬਾ ਜੀ ਦਾ ਪਾਤਰ ਚਿਤਨਰ ਕਰੋ ।

**21. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 150-175 ਸ਼ਬਦਾਂ ਵਿੱਚ ਲਿਖੋ :** **[2 × 8 = 16]**

(a) 'ਕਵੀ ਫੀਰੋਜ਼ਦੀਨ ਸ਼ਰਫ਼ ਆਪਣੇ ਗੀਤ ਵਿੱਚ ਪੰਜਾਬ ਨੂੰ ਇੱਕ ਖ਼ੂਬਸੂਰਤ ਧਰਤੀ ਦੀ ਸੰਗਿਆ ਦਿੰਦਾ ਹੈ । ਉਸਦੇ ਗੀਤਾਂ ਵਿੱਚ ਪੰਜਾਬ ਦੀ ਵਡਿਆਈ' ਬਾਰੇ ਵਿਸਥਾਰ ਨਾਲ ਲਿਖੋ ।

(b) ਖ਼ਬਰਾਂ ਦਾ ਸੰਪਾਦਨ ਕਰਨ ਲੱਗਿਆਂ ਇਕੋ ਸਮੇਂ ਕਿਹੜੀਆਂ ਕਿਹੜੀਆਂ ਗੱਲਾਂ ਦਾ ਧਿਆਨ ਰਖਣਾ ਪੈਂਦਾ ਹੈ ?

**22. ਹੇਠ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਭਗ 200 ਸ਼ਬਦਾਂ ਦਾ ਭਾਵਪੂਰਕ ਲੇਖ ਲਿਖੋ :** **[10]**

(a) ਨਾਨਕ ਦੁਖੀਆ ਸਭ ਸੰਸਾਰ ।

(b) ਬੱਚਿਆਂ ਦੇ ਮਾਂ–ਬਾਪ ਪ੍ਰਤੀ ਫ਼ਰਜ਼ ।

(c) ਵਧਦੀ ਆਬਾਦੀ ਦੀ ਸਮੱਸਿਆ ।

(d) ਕਿੱਤਾ ਸੁਖੀ ਮਿੱਖਿਆ ।

**23.** ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਕਿ ਧਾਰਸਕ ਅਦਾਰਿਆਂ ਵੱਲੋਂ ਬੇ–ਲੋੜੇ ਲਾਉਡ ਸਪੀਕਰ ਬੰਦ ਕਰਨ ਲਈ ਪ੍ਰਥਨਾ ਕਰੋ । **[6]**

(ਜਾਂ)

ਤੁਹਾਡੇ ਇਲਾਕੇ ਵਿੱਚ ਬਿਜਲੀ ਲਗਾਤਾਰ ਕਈ–ਕਈ ਘੰਟੇ ਨਹੀਂ ਆ ਰਹੀ । ਇਸ ਦੀ ਸੂਚਨਾ ਆਪਣੇ ਇਲਾਕੇ ਦੀ ਬਿਜਲੀ ਕੰਪਨੀ ਨੂੰ ਇਸ ਮੁਸ਼ਕਲ ਦਾ ਹੱਲ ਕਡਣ ਲਈ ਲਿਖੋ ।

## ਵਿਕਲਪ I (ਅਨੁਵਾਦ)

**24. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ :** **[3 × 5 = 15]**

(a) ਅਨੁਵਾਦ ਦਾ ਪਾਰਚਲਨ ਭਾਰਤ ਅੰਦਰ ਕਦੋਂ ਤੋਂ ਮੌਜੂਦ ਮੰਨਿਆ ਜਾਂਦਾ ਹੈ ? ਇਸ ਬਾਰੇ ਵਿਸਥਾਰ ਸਹਿਤ ਨੋਟ ਲਿਖੋ ।

(b) ਸੌਧਿਕ ਅਨੁਵਾਦ ਕਰਨ ਵੇਲੇ ਦੁਭਾਸ਼ੀਏ ਦੀ ਦੁਭਾਸ਼ੀਏ ਦੀ ਮਾਨਦਿਕਤਾ ਵਿੱਚ ਕਿਹੜੀਆਂ-ਕਿਹੜੀਆਂ ਪ੍ਰਕਿਆਵਾਂ ਸਮਾਨੰਤਾਰ ਚਾਲਦੀਆਂ ਹਨ ?

(c) ਅਨੁਵਾਦਕ ਲਈ ਰਚਨਾਤਮਕਤਾ ਦੇ ਗੁਣ ਦੀ ਕੀ ਅਹਿਸੀਅਤ ਹੈ ?

(ਜਾਂ)

## ਵਿਕਲਪ - II (ਪੰਜਾਬੀ ਸਿਨੇਮਾ)

(a) ਪੰਜਬ ਅਤੇ ਪੰਜਾਬੀਆਂ ਨਾਲ ਸੰਬੰਧਤ ਬਾਣੀਆਂ ਹੁੰਦੀ ਫ਼ਿਲਮਾਂ ਸੰਬੰਧੀ ਚਰਚਾ ਕਰੋ ।

(b) 'ਗੀਤ' ਕੀ ਹੁੰਦਾ ਹੈ ਅਤੇ ਇਹ ਤਿਕਨਾ ਪੁਰਨਾ ਹੈ ?

(c) ਗੁਰਸ਼ਰਨ ਸਿੰਘ ਦੀ ਪੰਜਾਬੀ ਨਾਟਕ ਅਤੇ ਰੰਗ ਗੰਦ ਨੂੰ ਦੇਣ ਬਾਰੇ ਇੱਕ ਪੈਰਾ ਲਿਖੋ ।

**[3 × 5 = 15]**

● ● ●